**ਪੰਜਾਬ ਸਕੂਲ ਸਿੱਖਿਆ ਬੋਰਡ**
ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062
(ਕਾਰਜ ਸੰਚਾਲਨ ਸ਼ਾਖਾ)

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈਕੰ. ਸਿੱਖਿਆ),
ਪੰਜਾਬ ਰਾਜ।

ਨੰ:ਪਸਸਬ-ਕਸ-2024/1514-1517
ਮਿਤੀ: 03-01-2024

**ਵਿਸ਼ਾ:- ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਜਨਵਰੀ 2024 ਦੀਆਂ ਸਾਲਾਨਾ ਪ੍ਰਯੋਗੀ ਪਰੀਖਿਆਵਾਂ ਪ੍ਰੀ ਵੋਕੇਸ਼ਨਲ, ਵੋਕੇਸ਼ਨਲ ਅਤੇ ਐਨ.ਐਸ.ਕਿਊ.ਐਫ (NSQF) ਦੇ ਸੰਚਾਲਨ ਸਬੰਧੀ ।**

---

ਵਿਸ਼ੇ ਅਧੀਨ ਪਰੀਖਿਆਵਾਂ ਮਿਤੀ 13-01-2024 ਤੋਂ 29-01-2024 ਤੱਕ ਕਰਵਾਈਆਂ ਜਾ ਰਹੀਆਂ ਹਨ। ਪਰੀਖਿਆਵਾਂ ਦਾ ਸੰਚਾਲਨ ਹੇਠ ਲਿਖੇ ਅਨੁਸਾਰ ਕਰਵਾਇਆ ਜਾਵੇ:-

**ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਲਈ:-**

1. ਦਸਵੀਂ ਅਤੇ ਬਾਰ੍ਹਵੀਂ ਦੇ ਪ੍ਰੀ-ਵੋਕੇਸ਼ਨਲ, ਵੋਕੇਸ਼ਨਲ ਅਤੇ ਐਨ.ਐਸ.ਕਿਊ.ਐਫ (NSQF) ਦੀ ਪ੍ਰਯੋਗੀ ਪਰੀਖਿਆ ਸਬੰਧਤ ਸਕੂਲ ਵਿੱਚ ਹੀ ਕਰਵਾਈ ਜਾ ਰਹੀ ਹੈ। ਉਸ ਸਕੂਲ ਦੇ ਵੋਕੇਸ਼ਨਲ ਵਿਸ਼ਿਆਂ ਨਾਲ ਸਬੰਧਤ ਅਧਿਆਪਕ ਹੀ ਪ੍ਰਸ਼ਨ ਪੱਤਰ ਤਿਆਰ ਕਰਕੇ ਪ੍ਰਯੋਗੀ ਪਰੀਖਿਆ ਕਰਵਾਉਣਗੇ।
2. NSQF ਦੀ ਪ੍ਰਯੋਗੀ ਪਰੀਖਿਆ ਐੱਨ.ਐੱਸ.ਡੀ.ਸੀ (N.S.D.C.) ਰਾਹੀਂ Sector Skill Council ਵੱਲੋਂ ਕਰਵਾਈ ਜਾਵੇਗੀ, ਇਹ ਪਰੀਖਿਆ Sector Skill Council ਦੇ ਪਰੀਖਿਅਕਾਂ ਵੱਲੋਂ ਲਈ ਜਾਵੇਗੀ। ਇੱਥੇ ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਬੋਰਡ ਦਫਤਰ ਵਲੋਂ ਇਨ੍ਹਾਂ ਵਿਸ਼ਿਆਂ ਦਾ ਕੋਈ ਵੀ ਪ੍ਰਸ਼ਨ ਪੱਤਰ ਸਕੂਲਾਂ ਵਿੱਚ ਨਹੀਂ ਭੇਜਿਆ ਜਾਵੇਗਾ।
3. ਦਫਤਰ ਵੱਲੋਂ ਇਸ ਪ੍ਰਯੋਗੀ ਪਰੀਖਿਆ ਲਈ ਕੇਂਦਰ ਉਹਨਾਂ ਸਕੂਲਾਂ ਵਿੱਚ ਹੀ ਸਥਾਪਿਤ ਕੀਤੇ ਗਏ ਹਨ, ਜਿਥੇ ਪਰੀਖਿਆਰਥੀ ਪੜ੍ਹ ਰਹੇ ਹਨ। ਪਰ ਜੇਕਰ ਕਿਸੇ ਸੰਸਥਾ ਵਿੱਚ ਪਰੀਖਿਆ ਲਈ ਕੋਈ ਪ੍ਰਬੰਧ ਨਾ ਹੋਵੇ ਤਾਂ ਅਜਿਹੀ ਸਥਿਤੀ ਵਿੱਚ ਆਪ ਜੀ ਵੱਲੋਂ ਆਪਣੇ ਪੱਧਰ ਤੇ ਯੋਗ/ ਢੁਕਵਾਂ ਪ੍ਰਬੰਧ ਕਰਨ ਦੀ ਖੇਚਲ ਕੀਤੀ ਜਾਵੇ ਅਤੇ ਯਕੀਨੀ ਬਣਾਇਆ ਜਾਵੇ ਕਿ ਕੋਈ ਵੀ ਪਰੀਖਿਆਰਥੀ ਆਪਣੇ ਕਿਸੇ ਵੀ ਵੋਕੇਸ਼ਨਲ ਅਤੇ ਐਨ.ਐਸ. ਕਿਊ. ਐਫ. ਦੇ ਵਿਸ਼ੇ ਦੀ ਪ੍ਰਯੋਗੀ ਪਰੀਖਿਆ ਦੇਣ ਤੋਂ ਵਾਂਝਾ ਨਾ ਰਹਿ ਜਾਵੇ। ਅਜਿਹੇ ਸਕੂਲ /ਕੇਸਾਂ ਬਾਰੇ ਮੁੱਖ ਦਫਤਰ ਨੂੰ ਵੀ ਸੂਚਿਤ ਕੀਤਾ ਜਾਵੇ ਤਾਂ ਜੋ ਭਵਿੱਖ ਵਿੱਚ ਇਸ ਮੁਸ਼ਕਿਲ ਦਾ ਹੱਲ ਹੋ ਸਕੇ।
4. ਦਸਵੀਂ ਅਤੇ ਬਾਰ੍ਹਵੀਂ ਦੀ ਪ੍ਰਯੋਗੀ ਪਰੀਖਿਆ ਨਾਲ ਸਬੰਧੀ ਪ੍ਰੋਗਰਾਮ ਚਾਰਟ ਸਕੂਲ ਮੁੱਖੀਆਂ ਨੂੰ ਸਕੂਲ ਲੋਗ ਇਨ ਆਈ.ਡੀ. ਤੇ ਭੇਜੇ ਜਾਣਗੇ ਜੇਕਰ ਕਿਸੇ ਵੀ ਕਿਸਮ ਦੀ ਕੋਈ ਤਰੁੱਟੀ ਹੋਵੇ ਤਾਂ ਤਰੁੰਤ ਹੇਠਾਂ ਦਰਸਾਏ ਫੋਨ ਨੰਬਰਾਂ ਤੇ ਸੂਚਨਾ ਭੇਜੀ ਜਾਵੇ ਤਾਂ ਜੋ ਇਸ ਸਬੰਧੀ ਲੋੜੀਂਦੇ ਪ੍ਰਬੰਧ ਕੀਤੇ ਜਾ ਸਕਣ।
5. ਸਰਕਾਰ ਵੱਲੋਂ ਕੋਵਿਡ-19 ਸਬੰਧੀ ਸਮੇਂ -ਸਮੇਂ ਜਾਰੀ ਹਦਾਇਤਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ।

**ਜ਼ਰੂਰਤ ਪੈਣ ਤੇ ਹੇਠ ਲਿਖੇ ਫੋਨ ਨੰਬਰਾਂ ਤੇ ਸੰਪਰਕ ਕੀਤਾ ਜਾਵੇ:-**

| | | | |
|---|---|---|---|
| 1. ਉਪ ਸਕੱਤਰ (ਕ.ਸ) | 0172-5227114 | 4. ਕੋਆਰਡੀਨੇਟਰ (NSQF) | 9988693393 |
| 2. ਸਹਾਇਕ ਸਕੱਤਰ (ਕ.ਸ) | 0172-5227334 | 5. ਵੋਕੇਸ਼ਨਲ ਵਿਸ਼ਿਆਂ ਲਈ | 9815471305 |
| 3 ਸੁਪਰਡੈਂਟ (ਕ.ਸ) | 0172-5227303,338,339,340 | | |

**ਪ੍ਰਯੋਗੀ ਪਰੀਖਿਆ ਸਬੰਧੀ ਹਸਤਾਖਰ ਚਾਰਟ ਆਈ.ਡੀ. ਤੇ ਅਪ-ਲੋਡ ਨਾ ਹੋਣ ਕਾਰਨ/ ਰੋਲ ਨੰਬਰ ਅਤੇ ਹੋਰ ਕਿਸੇ ਕਿਸਮ ਦੀ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਤੇ ਸੰਪਰਕ ਕੀਤਾ ਜਾਵੇ:-**

| | | | |
|---|---|---|---|
| 6. ਸਹਾਇਕ ਸਕੱਤਰ (ਬਾਰ੍ਹਵੀਂ) | 0172-5227305,319 | 8. ਸਹਾਇਕ ਸਕੱਤਰ(ਦਸਵੀਂ) | 0172-5227284,290 |
| 7. ਕੰਟਰੋਲ ਰੂਮ | 0172-5227136,137,138 | | |
| ਈ-ਮੇਲ ਆਈ.ਡੀ | srsecconduct.pseb@punjab.gov.in | | |

ਸਹਾਇਕ ਸਕੱਤਰ (ਕਾਰਜ ਸੰਚਾਲਨ)
ਵਾ: ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਮੋਗਾ ਮਿਤੀ 10/01/2024
ਪਿੱਠ ਅੰਕਣ ਨੰ ਅ-7/1()2024/752
ਉਪਰੋਕਤ ਦਾ ਉਤਾਰਾ ਜ਼ਿਲ੍ਹਾ ਮੋਗਾ ਦੇ ਸਮੂਹ/ ਸਕੂਲ ਮੁਖੀਆਂ ਨੂੰ ਸੂਚਨਾ ਅਤੇ ਯੋਗ/ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।
10/1/24
ਜ਼ਿ.ਸਿ.ਅ (ਸੈ.ਸਿ)
ਮੋਗਾ

Scanned with ACE Scanner